# ਸਾਹਿਤ ਤੇ ਇਤਿਹਾਸ ਪਰਸਪਰ ਸਬੰਧ

ਪ੍ਰੋ. ਮੰਗਤ ਰਾਮ
ਪੋਸਟ ਗ੍ਰੇਜੁਏਟ ਪੰਜਾਬੀ ਵਿਭਾਗ
ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ,
ਬੇਗੋਵਾਲ (ਕਪੂਰਥਲਾ)

ਸਾਹਿਤ ਅਤੇ ਇਤਿਹਾਸ ਦਾ ਰਿਸ਼ਤਾ ਬੜਾ ਅਨਿੱਖੜ ਹੈ। ਸਾਹਿਤਕਾਰ ਆਪਣੀਆਂ ਪਰੰਪਰਾਵਾਂ ਤੋਂ ਅਭਿੱਜ ਰਹਿ ਕੇ ਕਦੇ ਵੀ ਉੱਤਮ ਰਚਨਾ ਨਹੀਂ ਕਰ ਸਕਦਾ ਕਿਉਂਕਿ ਸਾਹਿਤਕਾਰ ਨੂੰ ਆਪਣੇ ਬੀਤ ਚੁੱਕੇ ਇਤਿਹਾਸ ਦੀ ਪੂਰੀ ਜਾਣਕਾਰੀ ਇਨ੍ਹਾਂ ਪਰੰਪਰਾਵਾਂ ਤੋਂ ਹੀ ਪ੍ਰਾਪਤ ਹੁੰਦੀ ਹੈ ਜਿਸ ਦੀ ਰੋਸ਼ਨੀ ਵਿੱਚ ਉਹ ਆਪਣੀ ਸਿਰਜਨ ਪ੍ਰਕ੍ਰਿਆ ਦੀ ਆਧਾਰ ਸਾਮਗਰੀ ਪ੍ਰਾਪਤ ਕਰਦਾ ਹੈ। ‘‘ਸਾਹਿਤਕਾਰ ਨੂੰ ਜੀਵਨ ਤੋਂ ਅਣਗਿਣਤ ਪ੍ਰੇਰਨਾਵਾਂ ਮਿਲਦੀਆਂ ਹਨ। ਉਸ ਦੇ ਚੌਗਿਰਦੇ, ਰਹਿਣੀ-ਬਹਿਣੀ ਤੇ ਸੰਸਾਰੀ ਸੰਬੰਧਾਂ ਤੋਂ ਸਮੇਂ-ਸਮੇਂ ਤੇ ਹਲੂਣੇ ਮਿਲਦੇ ਰਹਿੰਦੇ ਹਨ ਜਿਨ੍ਹਾਂ ਤੋਂ ਉਹ ਪ੍ਰੇਰਿਤ ਹੋ ਕੇ ਭਾਵ ਪ੍ਰਗਟ ਕਰਦਾ ਹੈ’’1 ਇਸ ਤਰ੍ਹਾਂ ਇਤਿਹਾਸਕ ਘਟਨਾਵਾਂ ਵੀ ਸਹਿਜ ਰੂਪ ਵਿੱਚ ਉਸ ਦੀ ਸਿਰਜਨਾਤਮਕ ਪ੍ਰਤਿਭਾ ਨੂੰ ਆ ਹਲੂਣਦੀਆਂ ਹਨ ਤੇ ਉਸ ਦੀ ਰਚਨਾ-ਪ੍ਰਕਿਰਿਆ ਨੂੰ ਇੱਕ ਖ਼ਾਸ ਦਿਸ਼ਾ ਪ੍ਰਦਾਨ ਕਰਦੀਆਂ ਹਨ। ਇਤਿਹਾਸ ਵਿੱਚ ਭੂਤ ਵਿੱਚ ਵਾਪਰੀਆਂ ਘਟਨਾਵਾਂ ਸੰਬੰਧੀ ਕੋਈ ਨਾ ਕੋਈ ਪ੍ਰਮਾਣ ਜ਼ਰੂਰ ਮੌਜੂਦ ਹੁੰਦਾ ਹੈ। ਇਸੇ ਕਰ ਕੇ ਹੀ ਡਾਕਟਰ ਨਰਿੰਦਰ ਸਿੰਘ ਕਪੂਰ ‘‘ਇਤਿਹਾਸ ਨੂੰ ਉਦਾਹਰਣਾਂ ਵਾਲਾ ਫਲਸਫਾ ਕਹਿੰਦਾ ਹੈ।’’2

ਸਾਹਿਤ ਵਿੱਚ ਘਟਨਾਵਾਂ ਦਾ ਕਲਾਤਮਕ ਰੂਪਾਂਤਰਣ ਹੁੰਦਾ ਹੈ। ਜਦੋਂ ਇਤਿਹਾਸਕ ਘਟਨਾ ਸਾਹਿਤ ਵਿੱਚ ਪੇਸ਼ ਹੁੰਦੀ ਹੈ ਤਾਂ ਇਸ ਵਿੱਚ ਸਾਹਿਤਕਾਰ ਦੀ ਕਲਪਨਾ ਸ਼ਕਤੀ ਵੀ ਆ ਸ਼ਾਮਿਲ ਹੁੰਦੀ ਹੈ। ਸਾਹਿਤਕਾਰ ਇਤਿਹਾਸ ਨੂੰ ਇੱਕ ਨਵੀਂ ਕਲਾਤਮਕ ਵਿਉਂਤਬੰਦੀ ਅਨੁਸਾਰ ਢਾਲਦਾ ਹੈ। ਜ਼ਿਕਰਯੋਗ ਹੈ ਕਿ ਜੇਕਰ ਇਤਿਹਾਸ ਕਿਸੇ ਸਾਹਿਤਕ ਕਿਰਤ ਵਿੱਚ ਢਲਦਾ ਹੈ ਤਾਂ ਇਸ ਨੂੰ ਸਿਰਜਨਾ ਦੇ ਅਨੁਸ਼ਾਸਨ ਵਿੱਚੋਂ ਦੀ ਗੁਜ਼ਰਨਾ ਪੈਂਦਾ ਹੈ। ਇਸ ਤਰ੍ਹਾਂ ਜਦੋਂ ਇਤਿਹਾਸਕ ਘਟਨਾਵਾਂ ਦੀ ਪੇਸ਼ਕਾਰੀ ਸਾਹਿਤ ਵਿੱਚ ਹੁੰਦੀ ਹੈ ਤਾਂ ਇਹ ਸਿਰਜਕ ਦੀ ਅੱਖ ਅਤੇ ਦਿਮਾਗ਼ ਵਿੱਚੋਂ ਗੁਜ਼ਰ ਕੇ ਫਿਰ ਲਿਖਤੀ ਰੂਪ ਧਾਰਨ ਕਰਦੀਆਂ ਹਨ। ਸਿਰਜਨਾਤਮਕ ਢਾਂਚੇ ਵਿੱਚ ਢਲੀਆਂ ਘਟਨਾਵਾਂ ਦਾ ਮੂੰਹ-ਮੁਹਾਂਦਰਾ ਤੇ ਪੇਸ਼ਕਾਰੀ ਉਸ ਤਰ੍ਹਾਂ ਦੀ ਨਹੀਂ ਹੁੰਦੀ ਜਿਸ ਤਰ੍ਹਾਂ ਕਿ ਉਹ ਇਤਿਹਾਸ ਵਿੱਚ ਵਾਪਰੀਆਂ ਹੁੰਦੀਆਂ ਹਨ। ਉਪਰੋਕਤ ਕਥਨ ਤੋਂ ਇਹ ਵੀ ਭਾਵ ਨਹੀਂ ਕਿ ਸਾਹਿਤਕਾਰ ਇਤਿਹਾਸਕ ਤੱਥਾਂ ਦੀ ਤੋੜ-ਮਰੋੜ ਕਰ ਸਕਦਾ ਹੈ ਜਾਂ ਬਦਲ ਸਕਦਾ ਹੈ ਉਹ ਤਾਂ ਆਪਣੀ ਕਲਾਤਮਕ ਛੋਹ ਦੁਆਰਾ ਹੀ ਘਟਨਾਵਾਂ ਨੂੰ ਨਵਾਂਪਣ ਬਖਸ਼ਦਾ ਹੈ।

ਸਾਹਿਤ ਅਤੇ ਇਤਿਹਾਸ ਕੋਈ ਵੱਖਰੇ-ਵੱਖਰੇ ਰੂਪ ਨਹੀਂ ਹਨ ਬਲਕਿ ਦੋਵੇਂ ਇਕ ਹੀ ਮਿਸ਼ਰਤ ਰੂਪ ਹੁੰਦੇ ਵੀ ਸਾਹਿਤਕ ਖੇਤਰ ਵਿੱਚ ਸਥਾਨ ਤੇ ਮਹੱਤਵ ਦੇ ਪੱਖੋਂ ਵਿਲੱਖਣਤਾ ਦੇ ਧਾਰਨੀ ਹਨ। ਇਤਿਹਾਸਕ ਨਾਟਕਕਾਰ ਨੂੰ ਦੋਹਰੀ

ਜ਼ਿੰਮੇਵਾਰੀ ਨਿਭਾਉਣੀ ਪੈਂਦੀ ਹੈ ਕਿਉਂਕਿ ਇਤਿਹਾਸ ਤੇ ਨਾਟਕ ਪ੍ਰਤਿ ਜ਼ਿੰਮੇਵਾਰੀ ਨੂੰ ਨਿਭਾਉਂਦੇ ਸਮੇਂ ਉਸ ਨੇ ਆਪਣੀ ਕਲਾਤਮਕ ਸੂਝ-ਬੂਝ ਦੇ ਆਸਰੇ ਦੋ ਵਿਭਿੰਨ ਅਨੁਸ਼ਾਸਨਾਂ ਨੂੰ ਉਨ੍ਹਾਂ ਦੇ ਰੂਪ ਵਿਗਾੜ ਤੋਂ ਬਿਨਾਂ ਪੇਸ਼ ਕਰ ਕੇ ਆਪਣੇ ਕਰਤੱਵ ਦੀ ਪਾਲਣਾ ਕਰਨੀ ਹੁੰਦੀ ਹੈ। ਇਸ ਲਈ ਇਤਿਹਾਸਕ ਨਾਟਕ ਦੇ ਸਿਧਾਂਤਕ ਤੇ ਇਤਿਹਾਸਕ ਪਰਿਪੇਖ ਨੂੰ ਜਾਣਨ ਲਈ ਇਤਿਹਾਸ ਤੇ ਨਾਟਕ ਨੂੰ ਪਰਿਭਾਸ਼ਿਤ ਕਰਨਾ ਬਹੁਤ ਜ਼ਰੂਰੀ ਹੈ।

ਇਤਿਹਾਸ

ਪ੍ਰਾਣੀ ਸਮਾਜ ਦਾ ਅੰਗ ਹੋਣ ਕਰ ਕੇ ਜਿੱਥੇ ਸਮਾਜਿਕ ਪ੍ਰਾਣੀ ਹੈ ਉੱਥੇ ਇੱਕ ਇਤਿਹਾਸਕ ਪ੍ਰਾਣੀ ਵੀ ਹੈ ਕਿਉਂਕਿ ਮਨੁੱਖੀ ਸਮਾਜ ਕਿਸੇ ਇਤਿਹਾਸ ਵਿੱਚ ਵਿਚਰਦਾ ਹੋਇਆ ਨਾਲ ਹੀ ਨਾਲ ਇਤਿਹਾਸ ਦਾ ਨਿਰਮਾਣ ਵੀ ਕਰਦਾ ਹੈ। ਇਸੇ ਲਈ ਕਿਸੇ ਸਮਾਜ ਦੀ ਪ੍ਰਫੁੱਲਤਾ ਦੀ ਝਲਕ ਉਸ ਸਮਾਜ ਦੇ ਇਤਿਹਾਸ ਵਿਚੋਂ ਪ੍ਰਾਪਤ ਹੁੰਦੀ ਹੈ।

ਇਤਿਹਾਸ ਭਵਿੱਖ ਦਾ ਪ੍ਰਦਰਸ਼ਕ ਹੈ ਕਿਉਂਕਿ ਅਤੀਤ ਦੇ ਇਤਿਹਾਸ ਵਿੱਚੋਂ ਹੀ ਅੱਜ ਦਾ ਇਤਿਹਾਸ ਜਨਮਿਆਂ ਹੈ। ਜਿਹੜੀ ਕੌਮ ਅਤੀਤ ਤੋਂ ਮੂੰਹ ਮੋੜ ਲੈਂਦੀ ਹੈ ਉਹ ਆਪਣੇ ਵਰਤਮਾਨ ਅਤੇ ਭਵਿੱਖ ਨੂੰ ਕਦੇ ਵੀ ਰੌਸ਼ਨ ਨਹੀਂ ਕਰ ਸਕਦੀ। ਆਪਣੇ ਸੁਨਹਿਰੀ ਅਤੇ ਗੌਰਵਮਈ ਇਤਿਹਾਸ ਤੋਂ ਹੀ ਕੌਮਾਂ ਸ਼ਕਤੀ ਪ੍ਰਾਪਤ ਕਰਦੀਆਂ ਹਨ। ਇਸੇ ਲਈ ਆਖਿਆ ਜਾਂਦਾ ਹੈ ਕਿ-

''ਜਿਸ ਕੌਮ ਨੇ ਆਪਣਾ ਇਤਿਹਾਸ ਸਾਂਭ ਲਿਆ ਹੈ ਉਹ ਕਦੇ ਨਹੀਂ ਮਰ ਸਕਦੀ।''3

ਸੱਭਿਆਚਾਰ ਦਾ ਅਮੀਰ ਵਿਰਸਾ ਤੇ ਸਦੀਆਂ ਦਾ ਪ੍ਰਾਪਤ ਗਿਆਨ ਉਸ ਸੱਭਿਆਆਚਾਰ ਦੇ ਇਤਿਹਾਸ ਵਿੱਚ ਮੌਜੂਦ ਹੁੰਦਾ ਹੈ, ਇਸ ਲਈ ਆਪਣੇ ਸੱਭਿਆਚਾਰ ਦੇ ਅਮੀਰ ਵਿਰਸੇ ਨੂੰ ਵੇਖਣ, ਜਾਂਚਣ ਤੇ ਸਮਝਣ ਲਈ ਹਰ ਲੇਖਕ ਨੂੰ ਉਸ ਸੱਭਿਆਚਾਰ ਦੇ ਇਤਿਹਾਸ ਦੀ ਲੋੜ ਪੈਂਦੀ ਹੈ।

'ਇਤਿਹਾਸ' ਸ਼ਬਦ ਸੰਸਕ੍ਰਿਤ ਭਾਸ਼ਾ ਵਿੱਚੋਂ ਲਿਆ ਗਿਆ ਹੈ ਜਿਸ ਦੇ ਸੰਸਕ੍ਰਿਤ ਭਾਸ਼ਾ ਵਿੱਚ ਅਰਥ ਹਨ 'ਇਸ ਤਰ੍ਹਾਂ ਹੋਇਆ।'4 ਅੰਗਰੇਜ਼ੀ ਵਿੱਚ ਇਸ ਦੇ ਸਮਾਨਾਰਥਕ ਸ਼ਬਦ 'ਹਿਸਟਰੀ' ਵਰਤਿਆ ਜਾਂਦਾ ਹੈ। ਅੰਗਰੇਜੀ ਭਾਸ਼ਾ ਵਿੱਚ ਇਸ ਨੂੰ ਦੋ ਅਰਥਾਂ ਵਿੱਚ ਲਿਆ ਜਾਂਦਾ ਹੈ ਪਹਿਲਾ ਘਟਨਾਵਾਂ ਦੇ ਵਰਣਨ ਲਈ, ਦੂਸਰਾ ਘਟਨਾਵਾਂ ਦੇ ਆਪਣੇ ਆਪ ਲਈ।5 ਭਾਈ ਕਾਹਨ ਸਿੰਘ ਨਾਭਾ ਨੇ ਇਤਿਹਾਸ ਦੇ ਅਰਥ ਇਸ ਤਰ੍ਹਾਂ ਦਿੱਤੇ ਹਨ, ''ਐਸਾ ਪ੍ਰਸਿੱਧ ਗ੍ਰੰਥ ਜਿਸ ਵਿੱਚ ਬੀਤੀ ਹੋਈ ਘਟਨਾ ਦਾ ਕ੍ਰਮ ਅਨੁਸਾਰ ਜ਼ਿਕਰ ਹੋਵੇ।''6 ਇਸ ਤਰ੍ਹਾਂ ਇਤਿਹਾਸ ਸ਼ਬਦ ਦੀ ਵਰਤੋਂ ਉਨ੍ਹਾਂ ਰਚਨਾਵਾਂ ਲਈ ਹੋਣ ਲੱਗ ਪਈ ਜਿਨ੍ਹਾਂ ਵਿੱਚ ਭੂਤਕਾਲ ਦੀਆਂ ਘਟਨਾਵਾਂ ਦਾ ਜ਼ਿਕਰ ਹੁੰਦਾ ਸੀ।

ਸਮਾਂ ਬੀਤਣ ਨਾਲ ਇਤਿਹਾਸ ਸ਼ਬਦ ਸੀਮਿਤ ਅਰਥਾਂ ਦੇ ਸੰਕਲਪ ਵਿੱਚੋਂ ਨਿਕਲ ਕੇ ਵਿਸ਼ਾਲਤਾ ਦਾ ਧਾਰਣੀ ਬਣ ਗਿਆ, ਪਰ ਇਸ ਬਹੁ-ਅਰਥਤਾ ਅਤੇ ਵਿਸ਼ਾਲਤਾ ਨੇ ਅਸਪੱਸ਼ਟਤਾ ਨੂੰ ਜਨਮ ਦਿੱਤਾ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਤਿਹਾਸ ਮਨੁੱਖੀ ਗਤੀਵਿਧੀਆਂ ਨਾਲ ਸੰਬੰਧਿਤ ਹੈ ਪਰ ਮਨੁੱਖ ਦੀ ਹਰੇਕ ਗਤੀਵਿਧੀ ਨੂੰ ਇਤਿਹਾਸਕ ਨਹੀਂ ਮੰਨਿਆ ਜਾ ਸਕਦਾ। ਕਿਸੇ ਮਨੁੱਖ ਜਾਂ ਮਨੁੱਖੀ ਸਮਾਜ ਦੀ ਕੇਵਲ ਉਸ ਗਤੀਵਿਧੀ ਜਾਂ ਘਟਨਾ ਨੂੰ ਇਤਿਹਾਸਕ ਮੰਨਿਆ ਜਾ ਸਕਦਾ ਹੈ ਜੋ ਅਤੀਤਮੁੱਖੀ ਹੋਣ ਦੇ ਨਾਲ-ਨਾਲ ਵਰਤਮਾਨ ਤੇ ਭਵਿੱਖ ਲਈ ਪੱਥ-ਪ੍ਰਦਰਸ਼ਕ ਵੀ ਹੋ ਨਿੱਬੜੇ। ਆਮ ਤੌਰ ਤੇ ਇਤਿਹਾਸ ਨੂੰ ਅਤੀਤਮੁੱਖੀ ਘਟਨਾਵਾਂ ਤੱਕ ਹੀ ਸੀਮਿਤ ਕਰ ਦਿੱਤਾ ਜਾਂਦਾ ਹੈ, ਪਰ ਅਜਿਹਾ ਕਰਨ ਦਾ ਮਤਲਬ ਹੈ ਕਿ ਅਸੀਂ ਇਸ ਵਿਚਲੀ ਗਤੀਸ਼ੀਲਤਾ ਨੂੰ ਅੱਖੋਂ ਓਹਲੇ ਕਰ ਰਹੇ ਹਾਂ। ਇਤਿਹਾਸ ਨੂੰ ਸਿਰਫ਼ ਮਨੁੱਖੀ ਸਮਾਜ ਦੀਆਂ ਭੂਤਕਾਲੀ ਘਟਨਾਵਾਂ ਤੱਕ ਹੀ ਸੀਮਿਤ ਨਹੀਂ ਰੱਖਿਆ ਜਾ ਸਕਦਾ ਸਗੋਂ ਇਤਿਹਾਸ ਦਾ ਸੰਬੰਧ ਅਤੀਤ ਅਤੇ ਵਰਤਮਾਨ ਦੋਹਾਂ ਨਾਲ ਹੈ ਅਤੇ ਇਹ ਇਨ੍ਹਾਂ ਦੋਹਾਂ ਵਿੱਚਕਾਰ ਨਿਰੰਤਰ ਗਤੀਸ਼ੀਲਤਾ ਦੀ ਪ੍ਰਕਿਰਿਆ ਹੈ। ਇਸ ਸੰਬੰਧੀ ਡਾ. ਹਰਭਜਨ ਸਿੰਘ ਨੇ ਈ.ਐਚ. ਕਰ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ-

ਇਤਿਹਾਸ- ਇਤਿਹਾਸਕਾਰ ਤੇ ਉਸ ਦੇ ਤੱਥਾਂ ਵਿੱਚ ਪਰਸਪਰ ਨਿਰੰਤਰ ਪ੍ਰਕਿਰਿਆ ਹੈ। ਵਰਤਮਾਨ ਅਤੇ ਅਤੀਤ ਵਿੱਚ ਨਾ ਮੁੱਕਣ ਵਾਲਾ ਸੰਵਾਦ ਹੈ।7

ਇਸ ਤਰ੍ਹਾਂ ਇਤਿਹਾਸ ਕੇਵਲ ਘਟਨਾਵਾਂ ਦਾ ਬਿਉਰਾ ਨਹੀਂ ਹੁੰਦਾ ਸਗੋਂ ਹਰ ਇਤਿਹਾਸ ਆਪਣੀਆਂ ਸਥਿਤੀਆਂ ਅਤੇ ਸਮਾਜਿਕ ਵਿਰੋਧਾਂ ਵਿੱਚ ਅੱਗੇ ਤੁਰਦਾ ਹੈ। ਭੂਤ ਅਤੇ ਵਰਤਮਾਨ ਦੀ ਇੱਕ ਦੂਜੇ ਦੇ ਸੰਦਰਭ ਵਿੱਚ ਸਾਹਿਤਕ ਵਿਆਖਿਆ ਇਸ ਗਤੀਸ਼ੀਲਤਾ ਕਾਰਨ ਹੀ ਸੰਭਵ ਹੈ।

ਵਖਿਆਨ ਇਤਿਹਾਸ ਅਤੇ ਇਤਿਹਾਸਕਾਰੀ ਦਾ ਬੁਨਿਆਦੀ ਤੱਤ ਹੈ। ਜਿਸ ਤਰ੍ਹਾਂ ਸੀਮਿੰਟ, ਰੇਤ, ਇੱਟਾਂ ਆਦਿ ਦੇ ਸੰਗ੍ਰਹਿ ਨੂੰ ਮਕਾਨ ਨਹੀਂ ਕਿਹਾ ਜਾ ਸਕਦਾ, ਉਸੇ ਤਰ੍ਹਾਂ ਸਿਰਫ਼ ਸਾਮਗਰੀ ਦੇ ਸੰਕਲਨ ਨੂੰ ਇਤਿਹਾਸ ਨਹੀਂ ਕਿਹਾ ਜਾ ਸਕਦਾ, ਜਦੋਂ ਤੱਕ ਇਸ ਵਿਵਰਣ ਵਿੱਚ ਵਿਆਖਿਆ ਅਤੇ ਵਿਸ਼ਲੇਸਨ ਨੂੰ ਆਧਾਰ ਨਹੀਂ ਬਣਾਇਆ ਜਾਂਦਾ, ਇਹ ਕੇਵਲ ਤੱਥ-ਸੰਗ੍ਰਹਿ ਹੀ ਰਹਿ ਜਾਵੇਗਾ। ਇਤਿਹਾਸਕ ਘਟਨਾਵਾਂ ਅਤੇ ਇਤਿਹਾਸਕ ਤੱਥਾਂ ਦਾ ਸੰਕਲਨ ਕੇਵਲ ਇਤਿਹਾਸ ਦੀ ਸਾਮਗਰੀ ਹੈ ਤੇ ਇਸ ਨੂੰ ਇਤਿਹਾਸ ਦਾ ਦਰਜਾ ਦੇਣ ਲਈ ਇਸ ਦੀ ਵਿਆਖਿਆ ਤੇ ਵਿਸ਼ਲੇਸ਼ਨ ਜ਼ਰੂਰੀ ਹੈ। ਵਿਆਖਿਆ ਇਸ ਦੀ ਪੂਰਕ ਨਾ ਹੋ ਕੇ ਜ਼ਰੂਰੀ ਅੰਗ ਵਜੋਂ ਹੋਂਦ ਸਥਾਪਿਤ ਕਰਦੀ ਹੈ। ਇਤਿਹਾਸਕ ਤੱਥਾਂ ਦੀ ਵਿਆਖਿਆ ਕਰਦਾ ਹੋਇਆ ਇਤਿਹਾਸਕਾਰ ਕਿੱਥੋਂ ਤੇ ਕਦੋਂ ਦੇ ਨਾਲ-ਨਾਲ ਕਿਉਂ ਦਾ ਉੱਤਰ ਵੀ ਦਿੰਦਾ ਹੈ। ਇਸ ਤਰ੍ਹਾਂ ਇਤਿਹਾਸਕ ਤੱਥਾਂ ਦੀ ਵਰਤਮਾਨ ਦੇ ਸੰਦਰਭ ਵਿੱਚ ਕੀਤੀ ਵਿਆਖਿਆ ਹੀ ਹੈ ਜੋ ਇਤਿਹਾਸ ਬਣਾਉਂਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ-

''ਕਿਸੇ ਭੂਗੋਲਿਕ ਖਿੱਤੇ ਵਿੱਚ ਰਹਿਣ ਵਾਲੇ ਮਨੁੱਖੀ ਵਿਕਾਸ

ਦੀ ਜਾਂਚ-ਪੜਤਾਲ ਅਤੇ ਉਸ ਦੀ ਤੱਥ ਆਧਾਰਿਤ ਯੁੱਗ-ਸਾਪੇਖ ਵਿਆਖਿਆ ਤੋਂ ਪ੍ਰਾਪਤ ਹੋਏ ਸਿੱਟਿਆਂ ਦੇ ਆਧਾਰ ਤੇ ਉਸ ਦੀ ਭਵਿੱਖ-ਮੁੱਖੀ ਤੋਰ ਨੂੰ ਸਮਝਣਾ ਹੀ ਇਤਿਹਾਸ ਹੈ।8

ਇਤਿਹਾਸ ਵਿੱਚ ਸਮਾਜ ਦੀਆਂ ਅਤੀਤ ਵਿੱਚ ਬੀਤ ਚੁੱਕਿਆਂ ਘਟਨਾਵਾਂ, ਘਟਨਾਵਾਂ ਦੇ ਆਧਾਰ, ਉਹਨਾਂ ਦੇ ਕਾਰਨ, ਪ੍ਰਭਾਵ ਅਤੇ ਪ੍ਰਭਾਵਿਤ ਜਨ-ਸਮੂਹਾਂ ਦੇ ਚਰਿੱਤਰ ਦਾ ਲਿਖਤੀ ਰੂਪ ਹੁੰਦਾ ਹੈ, ਇਸ ਕਰ ਕੇ ਇਤਿਹਾਸ ਮਹਾਨ ਵਿਅਕਤੀਆਂ ਦੇ ਨਾਮ, ਘਟਨਾਵਾਂ ਅਤੇ ਮਿਤੀਆਂ ਨਾਲ ਨੇੜਲਾ ਸੰਬੰਧ ਰੱਖਦਾ ਹੈ। ਪੁਰਾਤਨ ਇਤਿਹਾਸਕਾਰਾਂ ਦਾ ਇਤਿਹਾਸ ਅਤੇ ਆਧੁਨਿਕ ਇਤਿਹਾਸਕਾਰਾਂ ਦੇ ਇਤਿਹਾਸ ਵਿੱਚ ਬਹੁਤ ਫ਼ਰਕ ਹੈ ਕਿਉਂਕਿ ਪੁਰਾਤਨ ਸਮੇਂ ਵਿੱਚ ਇਤਿਹਾਸ ਨੂੰ ਮਨੁੱਖੀ ਸਮਾਜ ਦੇ ਭੂਤਕਾਲ ਦੀ ਖੋਜ, ਪੜਤਾਲ, ਘਟਨਾਵਾਂ, ਅੰਕੜਿਆਂ, ਘਟਨਾਵਾਂ ਦੇ ਆਧਾਰ, ਕਾਰਨ, ਪ੍ਰਭਾਵ ਅਤੇ ਪ੍ਰਭਾਵਿਤ ਲੋਕ-ਸਮੂਹਾਂ ਦੇ ਲਿਖਤੀ ਰੂਪ ਤੱਕ ਸਹੀ ਸੀਮਿਤ ਰੱਖਿਆ ਜਾਂਦਾ ਸੀ ਤੇ ਇਤਿਹਾਸ ਨੂੰ ਇਨ੍ਹਾਂ ਹੀ ਅਰਥਾਂ ਦਾ ਧਾਰਣੀ ਸਵੀਕਾਰ ਕੀਤਾ ਜਾਂਦਾ ਸੀ। ਇਸ ਸਮੇਂ ਦੇ ਇਤਿਹਾਸਕਾਰਾਂ ਪਾਸ ਇਤਿਹਾਸ ਦਾ ਸੰਕਲਪ ਵਿਅਕਤੀ-ਵਿਸ਼ੇਸ਼ ਮੂਲਕ ਸੀ ਅਤੇ ਅਜਿਹੇ ਸੰਕਲਪ ਅਧੀਨ ਲਿਖੇ ਗਏ ਇਤਿਹਾਸਾਂ ਵਿੱਚ ਕੇਵਲ ਯੁੱਧਾਂ, ਸੂਰਬੀਰਾਂ, ਰਾਜਿਆਂ-ਮਹਾਰਾਜਿਆਂ, ਬਗ਼ਾਵਤਾਂ, ਮਹਾਂਪੁਰਸ਼ਾਂ ਆਦਿ ਦੇ ਕਾਰਨਾਮਿਆਂ ਦਾ ਵੀ ਜ਼ਿਕਰ ਮਿਲਦਾ ਸੀ। ਪਰ ਹੌਲੀ-ਹੌਲੀ ਸਮਾਜ ਅੰਦਰ ਵਿਗਿਆਨਕ ਕ੍ਰਾਂਤੀ ਦੇ ਪ੍ਰਭਾਵ ਵਜੋਂ ਆਈ ਤਬਦੀਲੀ ਕਾਰਨ ਇਤਿਹਾਸ ਦੇ ਸੰਕਲਪ ਵਿੱਚ ਵੀ ਪਰਿਵਰਤਨ ਆ ਗਿਆ। ਫਲਸਰੂਪ ਆਧੁਨਿਕ ਯੁੱਗ ਦੇ ਇਤਿਹਾਸਕਾਰਾਂ ਦੇ ਲਈ ਇਤਿਹਾਸ ਵਿਅਕਤੀ-ਵਿਸ਼ੇਸ਼ ਮੂਲਕ ਨਾ ਰਹਿ ਕੇ ਯੁੱਧਨੀਤੀ ਤੇ ਰਾਜਨੀਤੀ ਤੋਂ ਪਾਰ ਫੈਲਦਾ ਹੋਇਆ ਮਾਨਵ-ਵਿਗਿਆਨ, ਮਨੋ-ਵਿਗਿਆਨ, ਜੋਤਿਸ਼-ਵਿਗਿਆਨ, ਸਮਾਜ-ਵਿਗਿਆਨ ਅਤੇ ਅਰਥ-ਵਿਗਿਆਨ ਆਦਿ ਦਾ ਧਾਰਣੀ ਹੋ ਗਿਆ ਹੈ।

ਇਤਿਹਾਸ ਵਿੱਚ ਹੋਏ ਸੰਕਲਪਾਤਮਕ ਵਿਕਾਸ ਨੇ ਇਤਿਹਾਸਕਾਰਾਂ ਲਈ ਇਹ ਵਿਵਾਦ ਖੜ੍ਹਾ ਕਰ ਦਿੱਤਾ ਹੈ ਕਿ ਇਤਿਹਾਸ ਵਿਗਿਆਨ ਹੈ ਜਾਂ ਕਲਾ। ਇਹ ਆਪਣੇ ਆਪ ਵਿੱਚ ਇੱਕ ਵੱਖਰਾ ਸੁਆਲ ਹੈ ਅਤੇ ਵਿਸਤ੍ਰਿਤ ਚਰਚਾ ਦੀ ਮੰਗ ਕਰਦਾ ਹੈ। ਸੋ ਮੁਕਦੀ ਗੱਲ ਇਹ ਹੈ ਕਿ ਇਤਿਹਾਸ ਨੂੰ ਨਾ ਤਾਂ ਅਸੀਂ ਕੇਵਲ ਵਿਗਿਆਨ ਦੇ ਘੇਰੇ ਵਿੱਚ ਰੱਖ ਸਕਦੇ ਹਾਂ ਅਤੇ ਨਾ ਹੀ ਨਿਰੋਲ ਕਲਾ-ਖੇਤਰ ਤੱਕ ਸੀਮਿਤ ਕਰ ਸਕਦੇ ਹਾਂ। ਇਤਿਹਾਸ ਵਿਗਿਆਨ ਵੀ ਹੈ ਅਤੇ ਕਲਾ ਵੀ ਕਿਉਂਕਿ ਇਤਿਹਾਸਕਾਰ ਲਈ ਜ਼ਰੂਰੀ ਹੈ ਕਿ ਤੱਥਾਂ ਦੀ ਵਿਆਖਿਆ ਸਮੇਂ ਉਸ ਦਾ ਦ੍ਰਿਸ਼ਟੀਕੋਣ ਵਿਗਿਆਨਕ ਹੋਵੇ ਅਤੇ ਬਿਆਨ ਸਮੇਂ ਉਸ ਦੀ ਕਲਾਤਮਕ ਸੂਝ ਦੀ ਕਾਰਜਸ਼ੀਲਤਾ ਪ੍ਰਧਾਨ ਹੋਵੇ।

ਹਵਾਲੇ ਅਤੇ ਟਿੱਪਣੀਆਂ

1. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ 46.

2. ਰੋਜ਼ਾਨਾ ਪੰਜਾਬੀ ਟ੍ਰਿਬਿਊਨ, 12 ਫਰਵਰੀ 2006.

3. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 301.

4. ਹਰਭਜਨ ਸਿੰਘ, ਪੰਜਾਬੀ ਇਤਿਹਾਸਕ ਨਾਟਕ: ਇਤਿਹਾਸ ਤੇ ਨਾਟਕੀ ਚੇਤਨਾ, ਪੰਨਾ 4.

5. ਉਹੀ, ਪੰਨਾ 4.

6. ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 123.

7. ਹਰਭਜਨ ਸਿੰਘ, ਪੰਜਾਬੀ ਇਤਿਹਾਸਕ ਨਾਟਕ: ਇਤਿਹਾਸ ਤੇ ਨਾਟਕੀ ਚੇਤਨਾ, ਪੰਨਾ 6.

8. ਹਰਭਜਨ ਸਿੰਘ, ਪੰਜਾਬੀ ਇਤਿਹਾਸਕ ਨਾਟਕ, ਪੰਨਾ 10.

9. ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 679.

10. ਪਿਆਰਾ ਸਿੰਘ, ਪੰਜਾਬੀ ਨਾਟਕ ਤੇ ਰੰਗਮੰਚ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 3.

11. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ, ਪੰਨੇ 9-10.

12. ਖੋਜ ਪਤ੍ਰਿਕਾ, ਨਾਟਕ: ਸਰੂਪ ਤੇ ਅਧਿਐਨ ਦੀ ਸਮੱਸਿਆ, ਪੰਨਾ 15.